Weekly

# CANADA SIKH TIMES

30 March-5 April 2025

ਕੈਨੇਡਾ ਸਿੱਖ ਟਾਈਮਜ਼

Volume 3 Issue 13

• RELIGION • CULTURE • HERITAGE • BUSINESS

## Maninderjit Singh Bedi Appointed as New Advocate General of Punjab



The Punjab government has appointed Maninderjit Singh Bedi as the new Advocate General (AG) of the state. The Department of Law has issued a notification regarding his appointment, and he has officially assumed charge. Prior to this, Bedi was serving as the Additional Advocate General.This development follows the resignation of former Advocate General Gurinder Singh, who submitted his resignation to Chief Minister Bhagwant Mann, which was subsequently accepted. It is worth noting that the Aam Aadmi Party government had appointed Gurinder Singh as Advocate General on October 6, 2023. His term was set to end on March 31. Maninderjit Singh Bedi is widely respected in legal circles for his deep understanding of constitutional matters and his commitment to upholding the rule of law. His promotion is being seen as a step towards ensuring greater efficiency and continuity in the state's legal affairs.

## ਫਰੀਦਕੋਟ ਦੀ ਸਿਫਤ ਕੌਰ ਸਮਰਾ ਨੇ ਭਾਰਤ ਦੀ ਝੋਲੀ ਪਾਇਆ ਸੋਨ ਤ.ਗਮਾ



ਭਾਰਤੀ ਨਿਸ਼ਾਨੇਬਾਜ਼ ਸਿਫਤ ਕੌਰ ਸਮਰਾ ਨੇ ਅਰਜਨਟੀਨਾ ਦੇ ਬਿਊਨਸ ਆਇਰਸ ਵਿਚ ਮਹਿਲਾ 50 ਮੀਟਰ ਰਾਈਫਲ 3 ਪੋਜੀਸ਼ਨ (3) ਫਾਈਨਲ 'ਚ ਆਪਣਾ ਪਹਿਲਾ ਵਿਅਕਤੀਗਤ ਵਿਸ਼ਵ ਕੱਪ ਸੋਨ ਤਗਮਾ ਜਿੱਤਿਆ। ਫਰੀਦਕੋਟ ਦੀ 23 ਸਾਲਾ ਖਿਡਾਰਨ ਨੇ ਸ਼ੁੱਕਰਵਾਰ ਦੇਰ ਰਾਤ ਟੀਰੋ ਫੈਡਰਲ ਅਰਜਨਟੀਨੋ ਡੀ ਬਿਊਨਸ ਆਇਰਸ ਸ਼ੂਟਿੰਗ ਰੇਂਜ ਵਿਚ ਭਾਰਤ ਨੂੰ ਸੀਜ਼ਨ-ਓਪਨਿੰਗ ਵਿਸ਼ਵ ਕੱਪ ਸਟੇਜ ਈਵੈਂਟ ਦਾ ਪਹਿਲਾ ਸੋਨ ਤ.ਗਮਾ ਦਿਵਾਇਆ। ਸਿਫਤ ਨੇ 45-ਸ਼ਾਟ ਫਾਈਨਲ ਦੇ ਅੰਤ ਵਿੱਚ 458.6 ਅੰਕਾਂ ਨਾਲ ਸਮਾਪਤੀ ਕੀਤੀ, ਜਦੋਂ ਕਿ ਮੈਂਗੋਲਡ 455.3 ਦੇ ਨਾਲ 3.3 ਅੰਕ ਪਿੱਛੇ ਰਹੀ। ਮੁਕਾਬਲੇ ਦੇ ਪਹਿਲੇ ਦਿਨ ਪਹਿਲੇ ਫਾਈਨਲ ਵਿਚ ਤ.ਗਮੇ ਜਿੱਤਣ ਤੋਂ ਖੁੰਝਣ ਤੋਂ ਬਾਅਦ ਭਾਰਤ ਹੁਣ ਮੁਕਾਬਲੇ ਦੇ ਦੂਜੇ ਦਿਨ ਦਾ ਅੰਤ ਇੱਕ ਸੋਨ ਅਤੇ ਇੱਕ ਕਾਂਸੀ ਦੇ ਤਗਮੇ ਹਾਸਲ ਕਰ ਚੁੱਕਾ ਹੈ, ਜੋ ਪਹਿਲਾਂ ਚੈਨ ਸਿੰਘ ਨੇ ਪੁਰਸ਼ਾਂ ਦੇ 3 ਵਿੱਚ ਜਿੱਤਿਆ ਸੀ। ਚੀਨ ਇੱਕ ਸੋਨ ਅਤੇ ਇੱਕ ਚਾਂਦੀ ਦੇ ਤਗਮੇ ਨਾਲ ਸਿਖਰ 'ਤੇ ਹੈ।

## Celebration of Sikh Heritage Month Begins Across Canada

Various organizations across Canada have started celebrating Sikh Heritage Month, highlighting Sikh history and contributions. Governor General Mary Simon and political leaders extended their congratulations, recognizing the Sikh community's values of service and compassion. In British Columbia (B.C.), events include Nagar Kirtans on April 12 (Vancouver) and April 19 (Surrey), along with religious ceremonies and a seminar on April 13. Sikh Heritage B.C. has themed this year's celebration




"Anand" (Bliss), symbolizing inner peace and spiritual connection. Sikhs have been in Canada since the late 19th century, overcoming discrimination to become a vital part of B.C.'s community. The Khalsa Diwan Society built North America's first Gurdwara in 1908, playing a key role in immigration reforms and voting rights.

In 2025, Sikh Heritage Month will mark its 8th anniversary, with exhibitions, discussions, and community events planned across Canada.



# Rational Roots: The Role of Reasoning in Sikh Religion-2

- Dr. Devinder Pal Singh*

**6. Balancing Faith and Reason:** While Sikhism encourages rational inquiry, it also recognizes the limits of human intellect. The Gurus often emphasized that certain spiritual truths transcend logic and must be experienced directly through meditation and divine grace. This balance between rational understanding and spiritual experience is a hallmark of Sikh philosophy. Guru Arjan Dev proclaims: ਉਕਤਿ ਜੋਤਿ ਲੈ ਸੁਰਤਿ ਪਰੀਖਿਆ॥ He blessed you with the light of reason and clear consciousness. (M. 5, p. 913). The Guru highlights that true spiritual progress requires active engagement with both reasoning (ukat) and inner awareness (Surat). This verse beautifully conveys that true spiritual enlightenment arises when reasoning (spiritual wisdom) is embraced, reflected upon, and consciously tested in one's daily life. This teaching encourages seekers to develop inner awareness, evaluate their thoughts and actions, and align themselves with the light of truth. By doing so, one nurtures a spiritually awakened and ethically sound mind. This shows that Sikhism promotes reasoning as a vital tool for gaining wisdom but also highlights that spirituality cannot be reduced to pure logic alone.

**7. Modern Relevance of Sikh Rational Thought:** In contemporary times, Sikhism's emphasis on logic and reasoning offers a valuable framework for addressing social, political, and scientific challenges. Sikhs are encouraged to challenge misinformation, embrace critical thinking, and advocate for truth and justice through informed debate.

Sikhism encourages reasoning, logic, and critical thinking as vital tools in understanding spiritual truths and addressing worldly issues. Through the teachings of the Gurus, Sikhs are inspired to question dogma, engage in rational discourse, and seek truth through contemplation and dialogue. While Sikhism values logic, it also emphasizes balancing reason with humility and spiritual wisdom. This synthesis creates a holistic worldview that encourages intellectual curiosity alongside deep faith.

◆◆◆◆◆

# How a Chandigarh off-road trailblazer is building special vehicles for Indian Army

From an electronics engineer to an automotive innovator, Vladimir Jaskirat Singh Nagra's journey is one of passion, perseverance, and engineering excellence. Born into an Army family, Nagra spent his childhood moving across various cities, following his father's postings. "I have on record changed 10 schools in 12 classes," he recalls. His early exposure to engineering came through a degree in electronics and telecommunication from Indore, though his heart was always set on mechanical engineering.



Starting with small-scale modifications for off-road enthusiasts, Nagra quickly carved a niche. "I built a couple of Gypsies and Mahindra Jeeps, but I wanted to do something radical." This led to the development of extreme off-road vehicles, which soon gained recognition in motorsports. His work caught the attention of a Ukrainian company seeking an Indian partner, leading to a joint venture to develop specialist mobility vehicles. "We saw the potential for military use," he explains. "With my father's Army background, I understood the needs of defense mobility."

After rigorous testing and trials, Nagra's company secured a contract to supply the Indian Army with specialist mobility vehicles. The SMV N1200, or ATOR N1200, is an indigenized version of the Ukrainian SHERP N1200, a high-mobility amphibious all-terrain vehicle (ATV) designed for extreme conditions. The vehicle, which can traverse water, marshlands, snow, and rugged terrains, was recently inducted into the Indian Army.

# HERITAGE

## Capilano University Hosts First-Ever Celebration of Sikh Environment Day & Turban Day



Capilano University marked a historic occasion as the School of Thoughts Club organized the university's first-ever joint celebration of World Sikh Environment Day and International Sikh Turban Day. The vibrant event took place at the Capilano Students' Union Library Lounge and drew an enthusiastic crowd of over 250 attendees, including students, faculty, and members of the broader community. More than 35 volunteers supported the event, ensuring its smooth execution. The celebration was deeply rooted in the spiritual teachings of Sahib Sri Guru Granth Sahib Ji, emphasizing the intrinsic connection between humanity and the natural world. It served not only as a cultural gathering but also as a platform for environmental awareness and Sikh identity.

## ਅਮਰੀਕਾ ਵੱਲੋਂ ਭਾਰਤ ਦੇ ਖੇਤੀਬਾੜੀ ਉਤਪਾਦਾਂ ’ਤੇ 100% ਟੈਕਸ ਲਾਉਣ ਦਾ ਐਲਾਨ




ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਭਾਰਤ ਤੇ ਹੋਰ ਦੇਸ਼ਾਂ ਵੱਲੋਂ ਅਮਰੀਕੀ ਖੇਤੀਬਾੜੀ ਉਤਪਾਦਾਂ ’ਤੇ 100% ਟੈਕਸ ਲਾਏ ਜਾਂਦੇ ਹਨ, ਜਿਸ ਕਾਰਨ ਅਮਰੀਕਾ ਵਲੋਂ ਇਨ੍ਹਾਂ ਦੇਸ਼ਾਂ ਵਿਚ ਬਰਾਮਦ ਕਰਨਾ ਅਸੰਭਵ ਹੋ ਜਾਂਦਾ ਹੈ। ਜਿਸ ਕਰਕੇ ਅਮਰੀਕਾ ਵਲੋਂ ਵੀ ਭਾਰਤ ਦੇ ਖੇਤੀਬਾੜੀ ਉਤਪਾਦਾਂ ’ਤੇ 100% ਟੈਕਸ ਲਾਇਆ ਜਾਵੇਗਾ, ਜੋ 2 ਅਪ੍ਰੈਲ ਤੋਂ ਲਾਗੂ ਹੋ ਜਾਵੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਟੈਕਸ ਆਰਜ਼ੀ ਤੌਰ ’ਤੇ ਲਾਏ ਗਏ ਹਨ। ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਉਹ ਭਾਰਤ ਵਲੋਂ ਲਾਏ ਜਾਂਦੇ ਟੈਕਸਾਂ ਦੇ ਇਵਜ਼ ਵਿਚ 2 ਅਪ੍ਰੈਲ ਤੋਂ ਖੇਤੀਬਾੜੀ ਉਤਪਾਦਾਂ ’ਤੇ ਅਜਿਹਾ 100% ਟੈਕਸ ਲਾਉਣ ਦੀ ਯੋਜਨਾ ਬਣਾ ਰਹੇ ਹਨ ਤਾਂ ਕਿ ਅਮਰੀਕੀ ਵਸਤਾਂ ਦੀ ਬਰਾਮਦ ਨੂੰ ਮਾਰਕੀਟ ਵਿਚ ਟਿਕੇ ਰਹਿਣ ਲਈ ਯਕੀਨੀ ਬਣਾਇਆ ਜਾ ਸਕੇ।

## ਸਿਟੀ ਆਫ਼ ਸਰੀ ਨੇ ਪ੍ਰਾਪਰਟੀ ਟੈਕਸ ’ਚ ਕੀਤਾ 2.8% ਦਾ ਵਾਧਾ




ਸਰੀ ਵਿੱਚ ਮਕਾਨ ਮਾਲਕਾਂ ਨੂੰ ਇਸ ਸਾਲ ਜਾਇਦਾਦ ਕਰ ਵਿੱਚ ਵਾਧੂ ਭੁਗਤਣਾ ਪਵੇਗਾ, ਹਾਲਾਂਕਿ ਇਹ ਦਰ ਗ੍ਰੇਟਰ ਵੈਨਕੂਵਰ ’ਚ ਸਭ ਤੋਂ ਘੱਟ ਹੋਵੇਗੀ। ਸਰੀ ਦੀ ਮੇਅਰ ਬ੍ਰੈਂਡਾ ਲੌਕ ਨੇ ਐਲਾਨ ਕੀਤਾ ਕਿ ਸ਼ਹਿਰ 2025-29 ਦੇ ਆਮ ਆਪਰੇਟਿੰਗ ਅਤੇ ਰਾਜਧਾਨੀ ਬਜਟ ਤਹਿਤ 2.8 ਪ੍ਰਤੀਸ਼ਤ ਸੰਪਤੀ ਟੈਕਸ ਵਾਧਾ ਕਰ ਰਿਹਾ ਹੈ। ਇਹ ਵਾਧਾ ਕਿਸੇ ਵੀ ਸੇਵਾ ਵਿੱਚ ਕਟੌਤੀ ਕੀਤੇ ਬਗੈਰ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਨਾਗਰਿਕਾਂ ਨੂੰ 1 ਪ੍ਰਤੀਸ਼ਤ ਰੋਡ ਅਤੇ ਟਰੈਫਿਕ ਲੈਵੀ ਦਾ ਭੁਗਤਾਨ ਵੀ ਕਰਨਾ ਪਵੇਗਾ। ਮੇਅਰ ਨੇ ਐਲਾਨ ਕੀਤਾ ਕਿ ਸ਼ਹਿਰ 20 ਨਵੇਂ ਅੱਗ ਬੁਝਾਉਣ ਵਾਲੇ, 10 ਬਾਇਲੋ ਅਧਿਕਾਰੀ ਅਤੇ 25 ਨਵੇਂ ਪੁਲਿਸ ਅਧਿਕਾਰੀ ਭਰਤੀ ਕਰਨ ਜਾ ਰਿਹਾ ਹੈ। ਇਹ ਨਿਯੁਕਤੀਆਂ 2025-29 ਦੇ ਆਮ ਬਜਟ ਤਹਿਤ ਕੀਤੀਆਂ ਜਾਣਗੀਆਂ। ਇਨ੍ਹਾਂ ਭਰਤੀਆਂ ਅਤੇ ਵਿਕਾਸ ਪ੍ਰੋਜੈਕਟਾਂ ਦੀ ਵਧੇਰੀ ਲਾਗਤ $701 ਮਿਲੀਅਨ ਤਹਿਤ ਆਉਣ ਦੀ ਉਮੀਦ ਹੈ।

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੁਰਬਾਣੀ ਦੀ ਕੁੰਜੀ ਕਿਹੜੀ ਬਾਣੀ ਨੂੰ ਕਿਹਾ ਜਾਂਦਾ ਹੈ?**

a. ਸੁਖਮਨੀ ਸਾਹਿਬ
b. ਜਪੁਜੀ ਸਾਹਿਬ
c. ਆਸਾ ਦੀ ਵਾਰ
d. ਆਰਤੀ

**2. ਨਿਮਨ ਲਿਖਤ ਅਨੁਸਾਰ ਗੁਰੂ ਨਾਨਕ ਜੀ ਦੀ ਕਿਹੜੀ ਰਚਨਾ ਨਹੀਂ ਹੈ?**

a. ਪੱਟੀ
b. ਸੋਦਰਿ
c. ਥਿਤੀ
d. ਘੋੜੀਆਂ

**3. ਜਪੁਜੀ ਸਾਹਿਬ ਦੀਆਂ ਕਿੰਨੀਆਂ ਪੌੜੀਆਂ ਅਤੇ ਸਲੋਕ ਹਨ?**

a. 38 ਅਤੇ 2 ਸਲੋਕ
b. 30 ਅਤੇ 2 ਸਲੋਕ
c. 41 ਅਤੇ 3 ਸਲੋਕ
d. 37 ਅਤੇ 3 ਸਲੋਕ

**4. ਹੇਠ ਲਿਖਿਆਂ ਵਿਚੋਂ ਬਾਰਾਮਾਹ ਕਿਸ ਨਾਲ ਸੰਬੰਧਿਤ ਹੈ?**

a. ਦਿਨਾਂ ਨਾਲ
b. ਮਹੀਨਿਆਂ ਨਾਲ
c. ਹਫ਼ਤਿਆਂ ਨਾਲ
d. ਗੁਰਮੁਖੀ ਅੱਖਰਾਂ ਨਾਲ

(ਦੇਖੋ ਉੱਤਰ ਪੰਨਾ 4 ’ਤੇ)



# ਨਿੱਤ ਨਵੇਂ ਭਰਮ-ਭੁਲੇਖੇ ਅਤੇ ਪਾਖੰਡਧਾਰੀ ਸੰਤਾਂ ਦੀ ਪੂਜਾ

**– ਅਵਤਾਰ ਸਿੰਘ ਮਿਸ਼ਨਰੀ**

ਪਾਠਕ ਜਨ ਅਤੇ ਸਾਧ ਸੰਗਤ ਜੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਅਤੇ ਸਿੱਖ ਰਹਿਤ ਮਰਯਾਦਾ ਅਨੁਸਾਰ ਵਹਿਮਾਂ ਭਰਮਾਂ ਨੂੰ ਮੰਨਣ, ਪ੍ਰਚਾਰਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਿਸੇ ਹੋਰ ਗ੍ਰੰਥ ਦਾ ਪ੍ਰਕਾਸ਼ ਕਰਨ ਵਾਲਾ ਕਦੇ ਵੀ ਗੁਰੂ ਦਾ ਸਿੱਖ ਨਹੀ ਹੋ ਸਕਦਾ। ਗੁਰੂ ਸਾਹਿਬਾਨ ਨੇ ਸਾਨੂੰ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਸੀ ਨਾ ਕਿ ਕਿਸੇ ਭੇਖੀ ਸਾਧ ਸੰਤ ਦੇ। ਸਿੱਖ ਦਾ ਅਰਥ ਹੈ ਸਿਖਿਆਰਥੀ ਸਿਖਿਆ ਲੈਣ ਵਾਲਾ ਅਤੇ ਸਿਖਿਆ ਲੈਣੀ ਕਿਥੋਂ ਹੈ? ਗੁਰੂ ਗ੍ਰੰਥ ਸਾਹਿਬ ਜੀ ਤੋਂ ਨਾ ਕਿ ਕਿਸੇ ਵਹਿਮੀ ਭਰਮੀ ਸਾਧ ਸੰਤ ਡੇਰੇਦਾਰ ਸੰਪ੍ਰਦਾਈ ਤੋਂ। ਧਰਮ ਤੇ ਨਾਂ ਤੇ ਅਖੌਤੀ ਧਾਰਮਿਕ ਆਗੂਆਂ ਅਤੇ ਧਰਮ ਪੁਜਾਰੀਆਂ ਨੇ ਆਪਣਾ ਹਲਵਾ ਮੰਡਾ ਚਲਦਾ ਰੱਖਣ ਵਾਸਤੇ ਸਮੇਂ ਸਮੇਂ ਜਨਤਾ ਵਿੱਚ ਨਿਤ ਨਵੇਂ ਵਹਿਮ ਭਰਮ ਖੜੇ ਕੀਤੇ ਅਤੇ ਅਗਿਆਨੀ ਜਨਤਾ ਨੂੰ ਲੁਟਿਆ। ਇਨ੍ਹਾਂ ਵਹਿਮਾਂ ਭਰਮਾਂ ਦੇ ਕਰਤੇ ਧਰਤੇ ਪਾਦਰੀ, ਪੰਡਿਤ ਅਤੇ ਪੀਰ ਹਨ ਅਤੇ ਅੱਜ ਭੇਖੀ ਸਾਧ ਏਨ੍ਹਾਂ ਤੋਂ ਵੀ 100% ਅੱਗੇ ਹਨ ਜੋ ਆਏ ਦਿਨ ਨਵੇਂ ਤੋਂ ਨਵਾਂ ਵਹਿਮ ਭਰਮ ਖੜਾ ਕਰਕੇ ਜਨਤਾ ਨੂੰ ਦੋਹੀਂ ਹੱਥੀ ਲੁੱਟ ਰਹੇ ਹਨ।

ਯਥਾਰਥ ਦੇ ਉਲਟ ਜੋ ਵੀ ਕੁੱਝ ਹੈ ਉਹ ਸਚਾਈ ਨਹੀਂ। ਯਥਾਰਥ ਦੇ ਉਲਟ ਜਾਣਾ ਹੀ ਵਹਿਮਾਂ ਨੂੰ ਸੱਦਾ ਦੇਣਾ ਹੈ। ਇਸ ਦੇ ਉਲਟ ਸੱਚਾ ਗਿਆਨ ਧਾਰਨ ਕਰਕੇ ਉਸ ਤੇ ਅਮਲ ਕਰਨਾ ਹੀ ਵਹਿਮਾਂ ਭਰਮਾਂ ਤੋਂ ਬਚਣਾ ਹੈ। ਸੱਚੇ ਰੱਬ ਦੀ ਪੂਜਾ ਛੱਡ ਕੇ ਕਿਰਤਮ ਦੀ ਪੂਜਾ ਕਰਨਾ ਜਿਵੇਂ ਪੱਥਰ, ਅੱਗ, ਹਵਾ, ਬਨਾਸਪਤੀ ਰੁੱਖ ਆਦਿ, ਮੜੀ ਮਸਾਣ, ਪਛੂ ਪੰਛੀ ਕਲਪਿਤ ਦੇਵੀ ਦੇਵਤੇ ਸੂਰਜ ਚੰਦਰਮਾਂ ਆਦਿ ਅਤੇ ਭੇਖੀ ਸਾਧਾਂ ਸੰਤਾਂ ਦੀ ਪੂਜਾ ਕਰਨਾ ਨਿਰੋਲ ਵਹਿਮ ਭਰਮ ਹੈ। ਕੁਦਰਤੀ ਚੀਜਾਂ ਮਨੁੱਖਤਾ ਵਾਸਤੇ ਬਣੀਆਂ ਹਨ ਉਨ੍ਹਾਂ ਤੋਂ ਗਿਆਨ ਵਿਗਿਆਨ ਖੋਜ ਰਾਹੀਂ ਲਾਭ ਉੱਠਾਉਣਾ ਨਾ ਕਿ ਅੰਨ੍ਹੀ ਸ਼ਰਧਾ ਵਿੱਚ ਉਨ੍ਹਾਂ ਤੋਂ ਡਰਨਾਂ ਜਾਂ ਉਨਾਂ ਦੀ ਪੂਜਾ ਕਰਨਾ ਹੈ। ਅੰਧਵਿਸ਼ਵਾਸ਼ੀ ਲੋਕਾਂ ਨੂੰ ਹੀ ਗੁਰੂ ਜੀ ਨੇ ਅਗਿਆਨੀ ਕਿਹਾ ਹੈ- **ਭਰਮਿ ਭੂਲੇ ਅਗਿਆਨੀ ਅੰਧੁਲੇ ਭ੍ਰਮਿ ਭ੍ਰਮਿ ਫੂਲ ਤੋਰਾਵਹਿ॥ ਸਰ ਜੀਉ ਕਾਟਹਿ ਨਿਰ ਜੀਉ ਪੂਜਹਿ ਸਭਿ ਬਿਰਥੀ ਘਾਲਿ ਗਵਾਵਹਿ॥** (1264)

ਜਿਨ੍ਹਾਂ ਵਹਿਮਾਂ ਭਰਮਾਂ ਚੋਂ ਗੁਰੂਆਂ-ਭਗਤਾਂ ਨੇ ਸਾਨੂੰ ਕੱਢਿਆ ਸੀ। ਅੱਜ ਫਿਰ ਅਖੌਤੀ ਸਾਧ ਲਾਣੇ, ਚਾਲਬਾਜ ਪ੍ਰਚਾਰਕਾਂ ਅਤੇ ਹੰਕਾਰੀ ਪ੍ਰਬੰਧਕਾਂ ਵਲੋਂ ਉਸ ਤੋਂ ਵੀ ਵੱਧ ਜਨਤਾ ਨੂੰ ਭਰਮਾਂ ਵਿੱਚ ਪਾਇਆ ਜਾ ਰਿਹਾ ਹੈ। ਹੱਥ ਨਾਲ ਬਣਾਈਆਂ ਪੱਥਰ ਮੂਰਤੀਆਂ ਨੂੰ ਬੇਹਿਸਾਬਾ ਦੁੱਧ ਪਿਲਾਇਆ ਜਾ ਰਿਹਾ ਹੈ ਜਦ ਕਿ ਇਹ ਅਟੱਲ ਸਚਾਈ ਹੈ ਕਿ ਪੱਥਰ ਦੀਆਂ ਮੂਰਤੀਆਂ ਕੁੱਝ ਵੀ ਖਾਂਦੀਆਂ ਪੀਦੀਆਂ ਬੋਲਦੀਆਂ ਨਹੀਂ- **ਨਾ ਕਿਛੁ ਬੋਲਹਿ ਨਾ ਕਿਛੁ ਦੇਹਿ** (1160) ਇੱਕ ਪਾਸੇ ਦੇਸ਼ ਦੇ ਕਰੋੜਾਂ ਬੱਚੇ ਬੁੱਢੇ ਦੁੱਧ ਨੂੰ ਤਰਸ ਰਹੇ ਹਨ ਪਰ ਦੂਜੇ ਪਾਸੇ ਅੰਨੀ ਸ਼ਰਧਾ ਵਿੱਚ ਦੁੱਧ ਅਜਾਂਈਂ ਰੋੜਿਆ ਜਾ ਰਿਹਾ ਹੈ। ਗਰੀਬ ਪ੍ਰਵਾਰਾਂ ਵਿੱਚ ਘਿਓ ਖਾਣ ਨੂੰ ਮਿਲੇ ਨਾ ਮਿਲੇ ਪਰ ਜੋਤਾਂ ਤੇ ਚਰਾਗਾਂ ਵਿੱਚ ਅੰਨ੍ਹੇ ਵਾਹ ਸਾੜਿਆ ਜਾ ਰਿਹਾ ਹੈ। ਨਾ ਲੋੜ ਹੋਣ ਤੇ ਵੀ ਢੇਰਾਂ ਦੇ ਢੇਰ ਰੁਮਾਲੇ ਧਰਮ ਅਸਥਾਨਾਂ ਵਿੱਚ ਚੜਾਏ ਜਾ ਰਹੇ ਹਨ। ਲੋੜਵੰਦ ਭਾਵੇਂ ਪਾਟੇ ਕਪੜਿਆਂ ਵਿੱਚ ਨੰਗਾ ਫਿਰੇ, ਉਸ ਨੂੰ ਕਪੜਾ ਦੇਣ ਵਾਸਤੇ ਸਾਡਾ ਧਨ ਨਸ਼ਟ ਹੁੰਦਾ ਹੈ। ਜਗਦੀ ਜੋਤ ਗੁਰੂ ਗ੍ਰੰਥ ਸਾਹਿਬ ਜੀ ਸਰਦੀਆਂ ਵਿੱਚ ਰਜ਼ਾਈਆਂ ਚੜਾਈਆਂ ਅਤੇ ਗਰਮੀਆਂ ਵਿੱਚ ਏਅਰ ਕੰਡੀਸ਼ਨ ਲਾਏ ਜਾ ਰਹੇ ਹਨ। ਸ਼ਬਦ ਗੁਰੂ ਨੂੰ ਭੋਗ ਲਵਾਏ ਜਾ ਰਹੇ ਹਨ ਜਦ ਕਿ ਭੋਗ ਮੂਰਤੀ ਨੂੰ ਹੀ ਲਵਾਇਆ ਜਾਂਦਾ ਹੈ। ਅੱਜ ਧਰਤੀ ਸੁੱਤੀ ਹੈ ਹਲ ਨਹੀਂ ਚਲਾਉਣਾ, ਬਿੱਲੀ ਰਸਤਾ ਕਟ ਗਈ ਹੁਣ ਅੱਗੇ ਨਹੀਂ ਜਾਣਾ। ਪੂਰਨਮਾਸ਼ੀਆਂ ਅਤੇ ਸੰਗਰਾਂਦਾਂ ਪੂਜਣੀਆਂ, ਮੜੀਆਂ ਮੱਠਾਂ, ਕਬਰਾਂ, ਰੁੱਖਾਂ ਅਤੇ ਪਸ਼ੂਆਂ ਨੂੰ ਪੂਜਣਾ, ਮੰਗਲ ਤੇ ਵੀਰਵਾਰ ਸਿਰ ਪਾਣੀ ਨਹੀਂ ਪੌਣਾ ਆਦਿਕ।

ਬਠਿੰਡੇ (ਪੰਜਾਬ) ਵਿਖੇ ਇੱਕ ਸਾਧ ਨੇ ਨਵਾਂ ਭਰਮ ਖੜਾ ਕੀਤਾ ਹੈ ਕਿ 37 ਏਕੜ ਜ਼ਮੀਨ ਵਿੱਚ ਗੰਨਾ (ਕਮਾਦ) ਬੀਜ ਕੇ ਉਸ ਨੂੰ ਅਖੰਡ ਪਾਠ ਸੁਣਾਏ ਜਾ ਰਹੇ ਹਨ ਕਿ ਇਸ ਤੋਂ ਸ਼ੁੱਧ ਪਤਾਸੇ ਪੈਦਾ ਕਰਕੇ ਅੰਮ੍ਰਿਤ ਸੰਚਾਰ ਕੀਤਾ ਜਾਵੇਗਾ। ਕੀ ਗੁਰੂਆਂ ਭਗਤਾਂ ਨੂੰ ਇਹ ਚੇਤਾ ਨਾ ਆਇਆ ਕਿ ਇਵੇਂ ਵਸਤਾਂ ਸ਼ੁੱਧ ਕੀਤੀਆਂ ਜਾ ਸਕਦੀਆਂ ਹਨ। ਫਿਰ ਮੱਝਾਂ ਗਾਵਾਂ, ਬੱਕਰੀਆਂ ਭੇਡਾਂ ਨੂੰ ਵੀ ਅਖੰਡ ਪਾਠ ਸੁਣਾਉਣੇ ਚਾਹੀਦੇ ਹਨ ਕਿਉਂਕਿ ਉਨ੍ਹਾਂ ਦਾ ਅਸੀਂ ਦੁੱਧ ਵੀ ਪੀਂਦੇ ਹਾਂ ਅਤੇ ਉਸ ਦੁੱਧ ਤੋਂ ਬਣਿਆਂ ਘਿਓ ਕੜਾਹ ਪ੍ਰਸ਼ਾਦ ਦੀ ਦੇਗ ਵਾਸਤੇ ਵਰਤਿਆ ਜਾਂਦਾ ਹੈ। ਜਰਾ ਸੋਚੋ, ਤੁਸੀਂ ਗੰਦੇ ਪਾਣੀ ਨੂੰ ਜਿਨ੍ਹੇ ਮਰਜੀ ਪਾਠ ਸੁਣਾਈ ਜਾਵੋ ਕਦੇ ਸ਼ੁੱਧ ਨਹੀਂ ਹੋਵੇਗਾ ਜਿਨਾਂ ਚਿਰ ਫਟਕੜੀ ਪਾ ਕੇ ਨਹੀਂ ਰੱਖਿਆ ਜਾਂਦਾ ਜਾਂ ਅਧੁਨਿਕ ਤਰੀਕੇ ਨਾਲ ਫਿਲਟਰ ਨਹੀਂ ਕੀਤਾ ਜਾਂਦਾ। ਹਵਾ ਜੋ ਸਾਹ ਰਾਹੀਂ ਹਰੇਕ ਜੀਵ ਦੇ ਅੰਦਰ ਜਾਂਦੀ ਹੈ ਅਤੇ ਅੰਦਰੋਂ ਬਾਹਰ ਆਉਂਦੀ ਹੈ, ਉਹ ਉਚ ਨੀਚ ਨਹੀਂ ਦੇਖਦੀ। ਇਹ ਸੁੱਚ-ਭਿੱਟ ਰੱਖਣ ਵਾਲੇ ਬ੍ਰਾਹਮਣ ਅਤੇ ਅਜੋਕੇ ਸਾਧ ਸੰਤ ਕਿਹੜੇ ਪਾਠ ਨਾਲ ਉਸ ਨੂੰ ਸ਼ੁੱਧ ਕਰ ਲੈਣਗੇ? ਕੀ ਕਹੇ ਜਾਂਦੇ ਸ਼ੂਦਰਾਂ ਦੇ ਅੰਦਰੋਂ ਆਈ ਹਵਾ ਨੂੰ ਇਹ ਪਾਖੰਡੀ ਰੋਕ ਸਕਦੇ ਹਨ? ਨਹੀ, ਇਹ ਲੋਕ ਕੇਵਲ ਪਾਠ ਦੇ ਬਹਾਨੇ ਸ਼ੁੱਧ ਕਰਨ ਦਾ ਵਹਿਮ ਪਾ ਕੇ, ਸਾਡੇ ਵਰਗੇ ਅਗਿਆਨੀਆਂ ਤੋਂ ਪਾਠਾਂ ਦੀਆਂ ਲੜੀਆਂ ਚਲਾ ਕੇ, ਪੈਸੇ ਬਟੋਰ ਕੇ, ਆਪਣਾ ਹਲਵਾ ਮੰਡਾ ਚਲਾਉਂਦੇ ਅਤੇ ਮਹਿਲ ਨੁਮਾ ਡੇਰਿਆਂ ਅਤੇ ਕੀਮਤੀ ਕਾਰਾਂ ਵਿੱਚ ਐਸ਼ ਕਰਦੇ ਹਨ।

**(ਬਾਕੀ ਅਗਲੀ ਵਾਰ)**


## SIKH MATRIMONIALS

Gursikh match for boy 46 years 5'9"/ issuless divorcee UuS green card holder, own business, well settled in New York Contact Amandeep Singh Kohli +1 (347) 445-1072

Gursikh Boy 29/5'8"/ Working in EY,UK/52K GBP/ Masters in Actuarial Management from City Univ. Of London. Contact 9810197878

Suitable match for Gursikh girl with strong roots in Sikhi 27 /5'5" Graduated from New York Institute of Technology College of Osteopathic Medicine. Contact +91 98997 07357


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. B 2. D 3. A 4. B

Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555